ਧਰਮ ਪੁਸਤਕ ਵਿੱਚੋਂ

# ਨਵਾਂ ਨੇਮ

ਨਾਮੇ ਇਹ ਪੋਥੀ ਹੈ:

ਜੋ ਅੰਜੀਲ ਅਰ ਮੰਗਲਸਮਾਚਾਰ ਬੀ ਕਹਾਉਂਦੀ ਹੈ;

ਅਰ ਇਸ ਵਿੰਚ ਪ੍ਰਭੁ ਜਿਸੂ ਮਸੀਹ ਮੁਕਤਦਾਤਾ ਦੀ ਵਿਥਿਆ

ਅਰ ਨਿਸਤਾਰੇ ਦੀ ਖੁਸਖਬਰੀ ਹੈ:

ਕਿ ਇਨ੍ਹਾਂ ਗੱਲਾਂ ਨੂੰ ਪਰਕਾਸ ਕਰਨ ਵਾਸਤੇ

ਪਵਿਤ੍ਰ ਰਸੂਲਾਂ ਅਤੇ ਹੋਰਨਾਂ ਉੱਤਮ ਸੰਤਾਂ ਨੈ ਪਰਮੇਸੁਰ ਦੀ

ਇੱਛਿਆ ਮੂਜਬ ਉਸ ਦੇ ਪਵਿਤ੍ਰ ਆਤਮਾ ਦੇ ਦੱਸਣ

ਅਰ ਗੁਣ ਬਖਸਣ ਕਰਕੇ ਇਹ ਪੋਥੀ ਯੂਨਾਨੀ

ਭਾਖਿਆ ਵਿੱਚ ਲਿਖੀ;

ਅਰ ਹੁਣ ਲੁਦੇਹਾਣੇਵਾਲੇ ਮਿਸਨ ਦੇ ਇੱਕ ਪਾਦਰੀ ਸਾਹਬ ਨੈ

ਇਸ ਨੂੰ ਪੰਜਾਬੀ ਭਾਖਿਆ ਵਿੱਚ ਤਰਜਮਾ ਕੀਤਾ ਹੈ।

ਲੁਦੇਹਾਣੇਵਾਲੇ ਮਿਸਨ ਪ੍ਰੇਸ ਵਿੰਚ, ਪੰਜਾਬ ਬੈਬਲ ਸੁਸਾਇਟੀ ਦੀ

ਵਲੋਂ, ਪਾਦਰੀ ਸੀ ਬੀ ਨਿਊਟਨ ਸਾਹਬ ਦੇ ਜਤਨ ਨਾਲ

ਛਾਪੀ ਗਈ। ਸਨ ੧੮੮੮ ਈਸਵੀ॥

Ludhiana, 1868

# ਸੂਚੀ ਪਤ੍ਰ


ਮੱਤੀ ਦਾ ਉੱਚਰਿਆ ਹੋਇਆ ਮੰਗਲਸਮਾਚਾਰ, .. ਪੰਨਾ ੧
ਮਰਕੁਸ ਦਾ ਉੱਚਰਿਆ ਹੋਇਆ ਮੰਗਲਸਮਾਚਾਰ, .. — ੧੦੦
ਲੂਕਾਸ ਦਾ ਉੱਚਰਿਆ ਹੋਇਆ ਮੰਗਲਸਮਾਚਾਰ, .. — ੧੬੩
ਯੂਹੰਨਾ ਦਾ ਉੱਚਰਿਆ ਹੋਇਆ ਮੰਗਲਸਮਾਚਾਰ, .. — ੨੬੮
ਰਸੂਲਾਂ ਦੇ ਕਰਤੱਬ, .. .. .. .. — ੩੪੮
ਰੂਮੀਆਂ ਨੂੰ ਪੌਲੂਸ ਰਸੂਲ ਦੀ ਪਤ੍ਰੀ, .. .. — ੪੪੯
ਕੁਰਿੰਥੀਆਂ ਨੂੰ ਪੌਲੂਸ ਰਸੂਲ ਦੀ ਪਹਿਲੀ ਪਤ੍ਰੀ, .. — ੪੯੨
ਕੁਰਿੰਥੀਆਂ ਨੂੰ ਪੌਲੂਸ ਰਸੂਲ ਦੀ ਦੂਜੀ ਪਤ੍ਰੀ, .. — ੫੩੩
ਗਲਾਤੀਆਂ ਨੂੰ ਪੌਲੂਸ ਰਸੂਲ ਦੀ ਪਤ੍ਰੀ, .. .. — ੫੬੧
ਅਫ਼ਸੀਆਂ ਨੂੰ ਪੌਲੂਸ ਰਸੂਲ ਦੀ ਪਤ੍ਰੀ, .. .. — ੫੭੬
ਫ਼ਿਲਿੱਪੀਆਂ ਨੂੰ ਪੌਲੂਸ ਰਸੂਲ ਦੀ ਪਤ੍ਰੀ, .. .. — ੫੯੧
ਕੁਲੱਸੀਆਂ ਨੂੰ ਪੌਲੂਸ ਰਸੂਲ ਦੀ ਪਤ੍ਰੀ, .. .. — ੬੦੨
ਥਸਲੁਨੀਕੀਆਂ ਨੂੰ ਪੌਲੂਸ ਰਸੂਲ ਦੀ ਪਹਿਲੀ ਪਤ੍ਰੀ, — ੬੧੨
ਥਸਲੁਨੀਕੀਆਂ ਨੂੰ ਪੌਲੂਸ ਰਸੂਲ ਦੀ ਦੂਜੀ ਪਤ੍ਰੀ, .. — ੬੨੧
ਤਿਮਤਾਊਸ ਨੂੰ ਪੌਲੂਸ ਰਸੂਲ ਦੀ ਪਹਿਲੀ ਪਤ੍ਰੀ, .. — ੬੨੬
ਤਿਮਤਾਊਸ ਵਲ ਪੌਲੂਸ ਰਸੂਲ ਦੀ ਦੂਜੀ ਪਤ੍ਰੀ, .. — ੬੩੮

# ਮੱਤੀ ਦਾ

## ਉੱਚਰਿਆ ਹੋਇਆ ਮੰਗਲਸਮਾਚਾਰ ।

੧ ਕਾਂਡ ਕੁਲਪਤ੍ਰੀ ਜਿਸੂ ਮਸੀਹ, ਦਾਊਦਵੰਸੀ ਦੀ, ਜਿਹੜਾ ਅਬਿਰ-
੨ ਹਾਮ ਦੀ ਉਲਾਦ ਸੀ। ਅਬਿਰਹਾਮ ਦੇ ਇਸਹਾਕ ਜੱਮਿਆ;
ਅਰ ਇਸਹਾਕ ਦੇ ਯਾਕੂਬ ਜੱਮਿਆ; ਅਰ ਯਾਕੂਬ ਦੇ ਯਹੂਦਾ
੩ ਅਰ ਤਿਸ ਦੇ ਭਾਈ ਜੱਮੇ; ਅਰ ਯਹੂਦਾ ਦੇ ਫਾਰਿਜ ਅਰ
ਜਰਾਹ, ਤਮਰ ਦੇ ਗਰਭੋਂ, ਜੱਮੇ; ਅਰ ਫਾਰਿਜ ਦੇ ਏਸਰੋਮ ਜੱਮਿ-
੪ ਆ; ਅਰ ਏਸਰੋਮ ਦੇ ਅਰਾਮ ਜੱਮਿਆ; ਅਰ ਅਰਾਮ ਦੇ
ਅਮਿਨਦਾਬ ਜੱਮਿਆ; ਅਰ ਅਮਿਨਦਾਬ ਦੇ ਨਾਅਸੂਨ
੫ ਜੱਮਿਆ; ਅਰ ਨਾਅਸੂਨ ਦੇ ਸਲਮੋਨ ਜੱਮਿਆ; ਅਰ ਸਲ-
ਮੋਨ ਦੇ ਬੋਅਜ਼, ਰਹਾਬ ਦੇ ਗਰਭੋਂ, ਜੱਮਿਆ; ਅਰ ਬੋਅਜ਼
੬ ਦੇ ਓਬੇਦ, ਰੂਤ ਦੇ ਗਰਭੋਂ, ਜੱਮਿਆ; ਅਰ ਓਬੇਦ ਦੇ ਯੇਸੀ ਜੱਮਿ-
ਆ; ਅਰ ਯੇਸੀ ਦੇ ਦਾਊਦ ਬਾਦਸਾਹ ਜੱਮਿਆ; ਅਰ ਦਾਊਦ
ਬਾਦਸਾਹ ਦੇ ਸੁਲੈਮਾਨ ਉਸ ਦੇ ਗਰਭੋਂ ਜੱਮਿਆ, ਜੋ ਊਰਿ-
੭ ਯਾ ਦੀ ਇਸਤ੍ਰੀ ਸੀ; ਅਤੇ ਸੁਲੈਮਾਨ ਦੇ ਰੇਬੋਆਮ ਜੱਮਿਆ;
ਅਰ ਰੇਬੋਆਮ ਦੇ ਅਬਿਯਾ ਜੱਮਿਆ; ਅਰ ਅਬਿਯਾ ਦੇ
੮ ਅਸਾ ਜੱਮਿਆ; ਅਰ ਅਸਾ ਦੇ ਯਿਹੋਸਫਾਤ ਜੱਮਿਆ; ਅਰ
ਯਿਹੋਸਫਾਤ ਦੇ ਯੋਰਾਮ ਜੱਮਿਆ; ਅਰ ਯੋਰਾਮ ਦੇ ਉਜ਼ਿਯਾ
੯ ਜੱਮਿਆ; ਅਰ ਉਜ਼ਿਯਾ ਦੇ ਯੋਤਾਮ ਜੱਮਿਆ; ਅਰ ਯੋਤਾਮ
ਦੇ ਆਹਜ਼ ਜੱਮਿਆ; ਅਰ ਆਹਜ਼ ਦੇ ਹਿਜ਼ਕਿਯਾ ਜੱਮਿਆ;